BC Centre for Disease Control
Provincial Health Services Authority

STI/HIV Services
Clinical Prevention Services
655 West 12th Avenue
Vancouver, BC V5Z 4R4

604.707.5600
604.707.5604
bccdc.ca
SmartSexResource.com

# ਡੌਕਸੀਸਾਈਕਲੀਨ (DOXYCYCLINE)

ਡੌਕਸੀਸਾਈਕਲੀਨ ਇੱਕ ਐਂਟੀਬਾਇਓਟਿਕ ਦਵਾਈ ਹੈ ਜਿਸ ਨੂੰ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਵਾਸਤੇ ਮੂੰਹ ਰਾਹੀਂ ਲਿਆ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ ਟੈਟ੍ਰਾਸਾਈਕਲੀਨ ਐਂਟੀਬਾਇਓਟਿਕ ਦਵਾਈਆਂ ਜਿਵੇਂ ਕਿ ਟੈਟ੍ਰਾਸਾਈਕਲੀਨ ਜਾਂ ਮੀਨੋਸਾਈਕਲੀਨ ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Breast/Chest Feeding)

- ਗਰਭ ਅਵਸਥਾ ਦੌਰਾਨ ਡੌਕਸੀਸਾਈਕਲੀਨ ਲੈਣੀ ਸੁਰੱਖਿਅਤ **ਨਹੀਂ** ਹੈ।
- ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੌਰਾਨ ਡੌਕਸੀਸਾਈਕਲੀਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਬੱਚਿਆਂ ਤੇ ਇਸਦੇ ਅਸਰਾਂ ਦਾ ਹਾਲੀ ਪਤਾ ਨਹੀਂ। ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀ ਸਲਾਹ ਲਓ।

## ਸਾਵਧਾਨ (CAUTION)

- ਡੌਕਸੀਸਾਈਕਲੀਨ ਤੁਹਾਡੀ ਚਮੜੀ ਨੂੰ ਰੋਸ਼ਨੀ ਪ੍ਰਤੀ ਵਧੇਰੇ ਸੰਵੇਦਨਸ਼ੀਲ਼ ਬਣਾ ਸਕਦੀ ਹੈ ਅਤੇ ਤੁਹਾਡੇ ਸਰੀਰ ਦੀ ਨੰਗੀ ਚਮੜੀ ਉੱਪਰ ਸੰਨਬਰਨ ਅਤੇ/ਜਾਂ ਝੁਣਝੁਣੀ, ਸੁੰਨਤਾ ਜਾਂ ਅਸਾਧਾਰਨ ਸੰਵੇਦਨਾਵਾਂ ਹੋ ਸਕਦੀਆਂ ਹਨ। ਧੁੱਪ ਜਾਂ ਨਕਲੀ ਯੂ.ਵੀ. ਕਿਰਣਾਂ (ਸੰਨਲੈਂਪ ਜਾਂ ਟੈਨਿੰਗ ਬੈੱਡਜ਼) ਦੇ ਬਹੁਤ ਜ਼ਿਆਦਾ ਸੰਪਰਕ ਵਿੱਚ ਆਉਣ ਤੋਂ ਪਰਹੇਜ਼ ਕਰੋ। ਧੁੱਪ ਵਿੱਚ ਜਾਣ ਸਮੇਂ ਸੰਨਸਕ੍ਰੀਨ ਅਤੇ ਧੁੱਪ ਤੋਂ ਰੱਖਿਆ ਕਰਨ ਵਾਲੇ ਕੱਪੜਿਆਂ ਦੀ ਵਰਤੋਂ ਕਰੋ।
- ਡੌਕਸੀਸਾਈਕਲੀਨ ਦੇ ਨਾਲ ਕੈਲਸੀਅਨ, ਅਲੂਮਨਮ, ਮੈਗਨੀਸੀਅਮ (ਆਮ ਤੌਰ 'ਤੇ ਸਪਲੀਮੈਂਟਾਂ ਅਤੇ ਐਂਟਾਸਿਡਾਂ ਵਿੱਚ ਹੁੰਦੇ ਹਨ) ਜਾਂ ਬਿਸਮੁਥ ਸਬਸੈਲੀਸੀਲੇਟ (ਪੈਪਟੋ ਬਿਸਮੌਲ – Pepto Bismol) ਨਾ ਲਓ। ਡੌਕਸੀਸਾਈਕਲੀਨ ਨੂੰ ਇਨ੍ਹਾਂ ਉਤਪਾਦਾਂ ਤੋਂ 2 ਘੰਟੇ ਪਹਿਲਾਂ ਜਾਂ 6 ਘੰਟੇ ਬਾਅਦ ਲਓ।
- **ਡੌਕਸੀਸਾਈਕਲੀਨ ਕਾਰਣ ਮਾਇਐਸਥੀਨੀਆ ਗ੍ਰਾਵਿਸ ਦੇ ਲੱਛਣ ਹੋਰ ਬਦਤਰ ਹੋਣ ਦੀ ਸੰਭਾਵਨਾ ਹੁੰਦੀ ਹੈ।** ਜੇ ਤੁਹਾਨੂੰ ਮਾਇਐਸਥੀਨੀਆ ਗ੍ਰਾਵਿਸ (ਤੰਤੂ ਅਤੇ ਪੱਠਿਆਂ ਸੰਬੰਧੀ ਕੋਈ ਵਿਗਾੜ) ਹੈ ਤਾਂ ਡੌਕਸੀਸਾਈਕਲੀਨ ਲੈਣ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ-ਬਾਤ ਕਰੋ।
- ਜੇ ਤੁਹਾਡਾ ਯੀਸਟ ਇਨਫੈਕਸ਼ਨਾਂ ਦਾ ਪਿਛੋਕੜ ਹੈ ਤਾਂ ਆਪਣੀ ਸਿਹਤ ਸੰਭਾਲ ਵਾਲੇ ਨੂੰ ਦੱਸੋ।
- **ਹੋਰਨਾਂ ਦਵਾਈਆਂ ਉੱਪਰ ਪ੍ਰਭਾਵ**: ਕਿਰਪਾ ਕਰਕੇ ਧਿਆਨ ਦਿਓ ਕਿ ਵੱਖ-ਵੱਖ ਦਵਾਈਆਂ ਉੱਪਰ ਪੈਣ ਵਾਲਾ ਵਿਅਕਤੀਗਤ ਪ੍ਰਭਾਵ ਇਸ ਦਸਤਾਵੇਜ਼ ਵਿੱਚ ਸੂਚੀਬੱਧ ਨਹੀਂ ਕੀਤਾ ਗਿਆ ਹੈ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ ਜਾਂ ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਮਨਪਰਚਾਵੇ ਵਾਲੇ ਉਤਪਾਦ ਲੈ ਰਹੇ ਹੋ ਜਾਂ ਤੁਸੀਂ ਹਾਲ ਹੀ ਵਿੱਚ ਕੋਈ ਲਾਈਵ ਵੈਕਸੀਨ ਲਗਵਾਈ ਹੈ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲਬਾਤ ਕਰੋ।



*Last review by BCCDC Pharmacy: May 2025*

## ਅਣਚਾਹੇ ਅਸਰ (Side Effects)

- ਤੁਹਾਨੂੰ ਦਸਤ ਲੱਗ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਵਿੱਚ ਇੱਕ ਦਮ ਅਤੇ ਤੇਜ਼ ਦਰਦ ਹੋ ਸਕਦੀ ਹੈ, ਉਲਟੀਆਂ, ਸਿਰ ਦਰਦ, ਚਮੜੀ ਉੱਪਰ ਧੱਫੜ, ਧੁੱਪ ਕਾਰਣ ਬੇਅਰਾਮੀ ਹੋ ਸਕਦੀ ਹੈ (ਸੰਵੇਦਨਸ਼ੀਲਤਾ)।

## ਦਵਾਈਆਂ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਪੇਟ ਖ਼ਰਾਬ ਹੋਣ ਤੋਂ ਬਚਾਉਣ ਲਈ ਦਵਾਈ ਨੂੰ ਭੋਜਨ ਦੇ ਨਾਲ ਲਓ।
- ਕੈਪਸੂਲ ਨੂੰ ਪੀਸਣਾ, ਚੱਬਣਾ ਜਾਂ ਖੋਲ੍ਹਣਾ ਨਹੀਂ ਹੈ।
- ਦਵਾਈ ਨੂੰ ਪਾਣੀ ਦੇ ਪੂਰੇ ਗਲਾਸ ਨਾਲ ਨਿਗਲੋ ਅਤੇ ਦਵਾਈ ਲੈਣ ਤੋਂ ਬਾਅਦ ਘੱਟੋ-ਘੱਟ 30 ਮਿੰਟ ਲਈ ਸਿੱਧੇ ਖੜੇ ਰਹੋ ਜਾਂ ਬੈਠੋ।
- ਜੇ ਤੁਸੀਂ ਦਵਾਈ ਦੀ ਕੋਈ ਖ਼ਰਾਕ ਖੁੰਝਾ ਦਿਓ ਤਾਂ ਯਾਦ ਆਉਣ ’ਤੇ ਤੁਰੰਤ ਉਹ ਖ਼ੁਰਾਕ ਲਓ। ਪਰ, ਜੇ ਤੁਹਾਡੀ ਦਵਾਈ ਦੀ ਅਗਲੀ ਖ਼ੁਰਾਕ ਦਾ ਸਮਾਂ ਨੇੜੇ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਤੈਅ ਸਮਿਆਂ ਮੁਤਾਬਕ ਦਵਾਈ ਲੈਣੀ ਜਾਰੀ ਰੱਖੋ। ਦੁਗਣੀ ਖ਼ੁਰਾਕ ਨਾ ਲਓ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15°C ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ ’ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤੱਕ:
  - ਤੁਹਾਨੂੰ ਟ੍ਰੀਟਮੈਂਟ ਪੂਰਾ ਕੀਤੇ ਹੋਏ ਇੱਕ ਹਫ਼ਤਾ ਨਹੀਂ ਹੋ ਜਾਂਦਾ; ਜਾਂ ਜਦੋਂ ਤਕ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਸ ਬਾਰੇ ਸਲਾਹ ਨਹੀਂ ਦਿੱਤੀ ਜਾਂਦੀ,

    ਅਤੇ
  - ਤੁਹਾਡੇ ਮੌਜੂਦਾ ਸਾਥੀਆਂ ਦਾ ਟ੍ਰੀਟਮੈਂਟ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਬਾਅਦ ਤੱਕ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨੈਗੇਟਿਵ ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com ’ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।